( ਦਸੰਬਰ - ਜਨਵਰੀ ਪਾਠਕ੍ਰਮ )

ਜਮਾਤ - ਅੱਠਵੀਂ

ਵਿਸ਼ਾ - ਪੰਜਾਬੀ

## ਪਾਠ - 23 ਪਿੰਡ ਦੀ ਘੁਲਾੜੀ (ਕਵਿਤਾ) ਮਨਮੋਹਨ ਸਿੰਘ ਦਾਊਂ



### 1. ਪ੍ਰਸ਼ਨਾਂ ਦੇ ਉੱਤਰ ਦਿਓ :-

ਪ੍ਰਸ਼ਨ 1 - ਘੁਲਾੜੀ ਚੱਲਦੀ ਕਿਹੋ - ਜਿਹੀ ਲੱਗਦੀ ਹੈ ?

**ਉੱਤਰ - ਘੁਲਾੜੀ ਚੱਲਦੀ ਬਹੁਤ ਸੋਹਣੀ ਲੱਗਦੀ ਹੈ ।**

ਪ੍ਰਸ਼ਨ 2 - ਚਾਚਾ ਬਲ਼ਦਾਂ ਨੂੰ ਕੀ ਕਰਦਾ ਹੈ ?

**ਉੱਤਰ ਚਾਚਾ ਬਲਦਾਂ ਨੂੰ ਹੱਕਦਾ ਹੈ ।**

ਪ੍ਰਸ਼ਨ 3 - ਖੇਤਾਂ ਵਿੱਚ ਗੰਨੇ ਦੀਆਂ ਭਰੀਆਂ ਘੁਲਾੜੀ ਤੱਕ ਕਿਵੇਂ ਲਿਆਂਦੀਆਂ ਗਈਆਂ ?

**ਉੱਤਰ - ਖੇਤਾਂ ਵਿੱਚ ਗੰਨੇ ਦੀਆਂ ਭਰੀਆਂ ਘੁਲਾੜੀ ਤੱਕ ਟਰਾਲੀ ਵਿੱਚ ਲਿਆਂਦੀਆਂ ਜਾਂਦੀਆਂ ਹਨ ।**

ਪ੍ਰਸ਼ਨ 4 - ਗੰਨੇ ਤੋਂ ਕਿਹੜੀਆਂ - ਕਿਹੜੀਆਂ ਚੀਜ਼ਾਂ ਬਣਦੀਆਂ ਹਨ ?

**ਉੱਤਰ - ਗੰਨੇ ਤੋਂ ਰਸ, ਗੁੜ ਤੇ ਸ਼ੱਕਰ ਜਿਹੀਆਂ ਚੀਜ਼ਾਂ ਬਣਦੀਆਂ ਹਨ ।**

### 2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ

(ੳ) ਚੱਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ ,
ਬਲ਼ਦਾਂ ਦੀ ਜੋੜੀ ਅੱਗੇ- ਅੱਗੇ ਭੱਜਦੀ ।

ਭਾਵ ਸਪੱਸ਼ਟ :- **ਕਵੀ ਕਹਿੰਦਾ ਹੈ ਕਿ ਗੰਨੇ ਪੀੜਨ ਵਾਲਾ ਵੇਲਣਾ ਚਲਦਾ ਬਹੁਤ ਸੋਹਣਾ ਲੱਗਦਾ ਹੈ। ਇਸ ਨੂੰ ਚਲਾਉਣ ਲਈ ਬਲਦਾਂ ਦੀ ਜੋੜੀ ਅੱਗੇ - ਅੱਗੇ ਤੇਜ਼ੀ ਨਾਲ ਭੱਜ ਰਹੀ ਹੈ ਤੇ ਚਾਚਾ ਬੜੇ ਚਾਵਾਂ ਨਾਲ ਪਿੱਛੇ - ਪਿੱਛੇ ਬਲਦਾਂ ਨੂੰ ਹੱਕ ਰਿਹਾ ਹੈ ।**

(ਅ) ਗੁੜ ਖਾਂਦੇ ਭਿੰਨ - ਭੇਦ ,ਕੋਈ ਨਾ ਵਿਚਾਰਦਾ ,
ਗੁੜ ਵਾਲ਼ਾ ਚੱਕ ਸਭ ਨੂੰ ਪਿਆਰਦਾ ।

ਭਾਵ ਸਪੱਸ਼ਟ :- **ਗੁੜ ਖਾਂਦਿਆਂ ਕੋਈ ਕਿਸੇ ਪ੍ਰਕਾਰ ਦੇ ਭਿੰਨ - ਭੇਦ ਦੀ ਗੱਲ ਨਹੀਂ ਕਰਦਾ। ਹਰ ਇੱਕ ਨੂੰ ਗੁੜ ਵਾਲਾ ਚੱਕ ਬਹੁਤ ਹੀ ਪਿਆਰਾ ਹੈ ।**

## 3. ਔਖੇ ਸ਼ਬਦਾਂ ਦੇ ਅਰਥ :-

- **ਚੱਕ** :- ਉਹ ਖੁੱਲ੍ਹਾ ਭਾਂਡਾ ਜਿਸ ਵਿੱਚ ਸ਼ੱਕਰ ਬਣਦੀ ਹੈ ।
- **ਪਾਥਾ** :- ਲੱਕੜ ਦਾ ਸੰਦ ਜਿਸ ਨਾਲ਼ ਚੱਕ ਵਿੱਚੋਂ ਗੁੜ ਨੂੰ ਇਕੱਠਾ ਕਰਨ ਲਈ ਵਰਤਿਆ ਜਾਂਦਾ ਹੈ ।
- **ਪੇਸੀ** :- ਗੁੜ ਦੀਆਂ ਛੋਟੀਆਂ- ਛੋਟੀਆਂ ਰੋੜੀਆਂ ।
- **ਲੂੰਬਾ** :- ਚਿਮਨੀ ।
- **ਕਮਾਦ** :- ਗੰਨੇ ਦੀ ਫ਼ਸਲ ।
- **ਘੁਲਾੜੀ** :- ਵੇਲਣਾ ।

## 4. ਵਾਕਾਂ ਵਿੱਚ ਵਰਤੋਂ :-

1. **ਘੁਲਾੜੀ** (**ਵੇਲਣਾ**) :- ਘੁਲਾੜੀ ਗੰਨੇ ਪੀੜਨ ਦੇ ਕੰਮ ਆਉਂਦੀ ਹੈ ।

2. **ਵਿਰਸਾ** (**ਵੱਡੇ - ਵਡੇਰਿਆਂ ਦੀ ਜਾਇਦਾਦ**) :- ਭਾਈ ਵੀਰ ਸਿੰਘ ਨੂੰ ਸਾਹਿਤ- ਰਚਨਾ ਦੀ ਦਾਤ ਵਿਰਸੇ ਵਿੱਚੋਂ ਮਿਲੀ ।

3. **ਭੇਲੀ** ( **ਪੇਸੀ** ) :- ਮੈਂ ਗੁੜ ਦੀ ਪੂਰੀ ਭੇਲੀ ਖਾ ਲਈ ।

4. **ਕਮਾਦ** ( **ਗੰਨਿਆਂ ਦੀ ਫ਼ਸਲ** ) :- ਅਸੀਂ ਆਪਣੇ ਖੇਤਾਂ ਵਿੱਚ ਕਮਾਦ ਬਹੁਤ ਬੀਜਿਆ ਹੈ ।

5. **ਚੱਕ** ( **ਉਹ ਭਾਗ ਜਿਸ ਵਿੱਚ ਗੁੜ ਦੀ ਪੱਤ ਠੰਡੀ ਹੋਣ ਲਈ ਪਾਈ ਜਾਂਦੀ ਹੈ** ) :- ਜਦੋਂ ਕੜਾਹੇ ਵਿੱਚ ਗੁੜ ਦੀ ਪੱਤ ਤਿਆਰ ਹੋ ਗਈ , ਤਾਂ ਉਸਨੂੰ ਚੱਕ ਵਿੱਚ ਪਾ ਦਿੱਤਾ ।

6. **ਗੁੜ** ( **ਗੰਨੇ ਤੋਂ ਤਿਆਰ ਹੋਣ ਵਾਲਾ ਦੇਸੀ ਮਿੱਠਾ ਪਦਾਰਥ** ) - ਅੱਜ - ਕੱਲ੍ਹ ਗੁੜ ਪੰਜਾਹ ਰੁਪਏ ਕਿੱਲੋ ਵਿਕਦਾ ਹੈ ।

7. **ਟ੍ਰਾਲੀ** (**ਕਿਸਾਨ ਦੁਆਰਾ ਭਾਰ ਢੋਣ ਲਈ ਟ੍ਰੈਕਟਰ ਪਿੱਛੇ ਜੋੜਿਆ ਜਾਣ ਵਾਲਾ ਰੇਹੜਾ**) :- ਟ੍ਰਾਲੀ ਫ਼ਸਲਾਂ , ਇੱਟਾਂ ਤੇ ਕੂੜਾ ਢੋਣ ਦੇ ਕੰਮ ਆਉਂਦੀ ਹੈ ।

8. **ਘੁੰਗਰੂ** ( **ਛੋਟੀਆਂ ਗੋਲ ਘੰਟੀਆਂ**) :- ਕਿਸਾਨ ਨੇ ਆਪਣੇ ਬਲਦਾਂ ਦੇ ਗਲਾਂ ਵਿੱਚ ਘੁੰਗਰੂ ਪਾਏ ਹੋਏ ਹਨ ।

ਤਿਆਰ ਕਰਤਾ :- ਸ਼ੈਲਜਾ ਕੁਮਾਰੀ ਪੰਜਾਬੀ ਮਿਸਟ੍ਰੈੱਸ ਸਰਕਾਰੀ ਹਾਈ ਸਕੂਲ ਸਾਹੋਵਾਲ (ਜ਼ਿਲ੍ਹਾ ਗੁਰਦਾਸਪੁਰ )